# ਦਫਤਰ ਜਿਲ੍ਹਾ ਭਲਾਈ ਅਫਸਰ, ਮੋਗਾ

ਡਾ: ਬੀ.ਆਰ ਅੰਬੇਦਕਰ ਭਵਨ, ਫਿਰੋਜਪੁਰ ਰੋਡ ਮੋਗਾ
Email:dwomoga@gmail.com

ਸੇਵਾ ਵਿਖੇ,

ਡਿਪਟੀ ਕਮਿਸ਼ਨਰ,
ਮੋਗਾ।

ਨੰ: 567 ਮਿਤੀ 18-6-19

ਵਿਸ਼ਾ: ਸਰਕਾਰ ਦੀਆਂ ਮਹੱਤਵਪੂਰਨ ਸਕੀਮਾਂ/ ਯੋਜਨਾਵਾਂ ਡਿਸਪਲੇ ਕਰਵਾਉਣ ਸੰਬੰਧੀ।

ਹਵਾਲਾ: ਆਪ ਜੀ ਦੇ ਦਫ਼ਤਰ ਦੇ ਪੱਤਰ ਨੰ: 937-84 / ਐੱਮ.ਏ./ ਐੱਮ.ਸੀ-4 ਮਿਤੀ 28 .05. 2019 ਦੇ ਸੰਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸੰਬੰਧ ਵਿੱਚ ਆਪ ਜੀ ਨੂੰ ਇਸ ਵਿਭਾਗ ਦੀਆਂ ਮਹੱਤਵਪੂਰਨ ਸਕੀਮਾਂ ਦਾ ਵੇਰਵਾ ਇਸ ਪੱਤਰ ਨਾਲ ਸਮੇਤ ਸੀ.ਡੀ ਨੱਥੀ ਕਰਕੇ ਡਿਸਪਲੇ ਬੋਰਡ ਤੇ ਡਿਸਪਲੇਅ ਕਰਨ ਲਈ ਭੇਜੀਆਂ ਜਾਂਦੀਆਂ ਹਨ ਜੀ।

ਨੱਥੀ: ਸੀ.ਡੀ.

ਜ਼ਿਲ੍ਹਾ ਭਲਾਈ ਅਫ਼ਸਰ, 18/6/19
ਮੋਗਾ।

Scanned by CamScanner

ਵਿਸ਼ਾ: ਭਲਾਈ ਵਿਭਾਗ ਵਿਚ ਚੱਲ ਰਹੀਆਂ ਸਕੀਮਾਂ ਦਾ ਵੇਰਵਾ ।

1.ਅਸ਼ੀਰਵਾਦ ਸਕੀਮ:-ਅਸ਼ੀਰਵਾਦ ਸਕੀਮ ਦਾ ਲਾਭ ਲੈਣ ਵਾਸਤੇ ਹੇਠ ਲਿਖੇ ਅਨੁਸਾਰ ਸ਼ਰਤਾਂ ਸਰਕਾਰ ਵਲੋਂ ਨਿਰਧਾਰਤ ਕੀਤੀਆਂ ਗਈਆਂ ਹਨ:-

.ਲੜਕੀ ਦੇ ਮਾਪੇ/ਸਰਪ੍ਰਸਤ ਅਨੁਸੂਚਿਤ ਜਾਤੀ, ਇਸਾਈ ਬਰਾਦਰੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧ ਰੱਖਦੇ ਹੋਣ, ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਅਤੇ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ।

.ਲੜਕੀ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ।

.ਲੜਕੀ ਦੇ ਪਰਿਵਾਰ ਦੀ ਸਾਲਾਨਾ ਆਮਦਨ 32,790/-ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ ।

.ਅਸ਼ੀਰਵਾਦ ਸਕੀਮ ਅਧੀਨ ਦਰਖਾਸਤ ਵਿਆਹ ਦੀ ਮਿਤੀ ਤੋਂ ਪਹਿਲਾਂ ਅਤੇ ਵਿਆਹ ਦੀ ਮਿਤੀ ਤੋਂ 30 ਦਿਨ ਬਾਅਦ ਤੱਕ ਵੀ ਸਬੰਧਿਤ ਤਹਿਸੀਲ ਭਲਾਈ ਅਫਸਰ ਜਾਂ ਜਿਲ੍ਹਾ ਭਲਾਈ ਅਫਸਰ ਨੂੰ ਦਿੱਤੀ ਜਾਵੇਗੀ ।

.ਅਸ਼ੀਰਵਾਦ ਸਕੀਮ ਅਧੀਨ(ਜੁਲਾਈ 2017 )ਤੋਂ ਇਹ ਰਾਸ਼ੀ 21,000/-ਰੁਪਏ ਪ੍ਰਤੀ ਲੜਕੀ ਅਤੇ ਇੱਕ ਪਰਿਵਾਰ ਦੀਆਂ ਵੱਧ ਤੋਂ ਵੱਧ ਦੋ ਲੜਕੀਆਂ, ਦੀ ਸ਼ਾਦੀ ਸਮੇਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

**2.ਅੰਤਰਜਾਤੀ ਵਿਆਹ ਸਕੀਮ**

ਅੰਤਰਜਾਤੀ ਵਿਆਹ ਵਿਆਹ ਕਰਵਾਉਣ ਵਾਲੇ ਜੋੜੇ (ਜਿਸ ਵਿੱਚ ਇੱਕ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਵੇ) ਨੂੰ ਉਤਸ਼ਾਹਿਤ ਕਰਨ ਲਈ 50,000/-ਰੁਪਏ ਦਿੱਤੇ ਜਾਂਦੇ ਹਨ ।

3. ਅੱਤਿਆਚਾਰ ਰੋਕਥਾਮ ਐਕਟ 1989:-

ਅਨੁਸੂਚਿਤ ਜ਼ਾਤੀ ਤੇ ਗੈਰ ਅਨੁਸੂਚਿਤ ਜ਼ਾਤੀ ਦੇ ਵਿਅਕਤੀ ਵੱਲੋਂ ਅੱਤਿਆਚਾਰ ਕਰਨ ਤੇ ਐਕਟ ਦੀਆਂ ਧਾਰਾਵਾਂ ਅਧੀਨ ਸਜ਼ਾ ਅਤੇ ਜੁਰਮਾਨਾ ਕਰਨ ਦਾ ਉਪਬੰਧ ਹੈ।ਐਕਟ ਦੇ ਉਪਬੰਧ ਅਨੁਸਾਰ ਮੋਨੀਟਰਿੰਗ ਕਰਨ ਲਈ ਸਬ-ਡਵੀਜ਼ਨ ਪੱਧਰੀ , ਜ਼ਿਲ੍ਹਾ ਪੱਧਰੀ ਅਤੇ ਰਾਜ਼ ਪੱਧਰੀ ਵਿਜ਼ੀਲੈਂਸ ਅਤੇ ਮੋਨੀਟਰਿੰਗ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਪੀੜ੍ਹਤ ਵਿਅਕਤੀ ਨੂੰ ਬਣਦਾ ਮੁਆਵਜ਼ਾ ਦੇਣ ਦੀ ਵਿਵਸਥਾ ਹੈ।

Scanned by CamScanner

**4.ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐੱਸ.ਸੀ., ਬੀ.ਸੀ. ਅਤੇ ਘੱਟ ਗਿਣਤੀ ਵਰਗ:-**

ਅਨੁਸੂਚਿਤ ਜਾਤੀਆਂ,ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਕ੍ਰਮਵਾਰ 2.50 ਲੱਖ, 1 ਲੱਖ ਰੁਪੈ/- ਅਤੇ 2 ਲੱਖ ਰੁਪੈ ਤੋਂ ਘੱਟ ਅਤੇ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਲਈ 2.00 ਲੱਖ, 44500/- ਅਤੇ 1 ਲੱਖ ਰੁਪਏ ਤੋਂ ਘੱਟ ਹੋਵੇ ਨੂੰ ਸਕਾਲਰਸ਼ਿਪ ਦਿੱਤਾ ਜਾਂਦਾ ਹੈ, ਵਿਦਿਆਰਥੀ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ। ਇਹ ਸਕੀਮ ਇੱਕ ਪਰਿਵਾਰ ਵਿੱਚ 2 ਬੱਚਿਆਂ ਤੱਕ ਸੀਮਿਤ ਹੈ।

**5. ਘੱਟ ਗਿਣਤੀ ਵਰਗ ਨਾਲ ਸੰਬੰਧਤ ਵਿਦਿਆਰਥੀਆਂ ਲਈ ਮੈਰਿਟ-ਕਮ-ਮੀਨਜ ਬੇਸਡ ਸਕਾਲਰਸ਼ਿਪ ਸਕੀਮ:-**

ਵਿਦਿਆਰਥੀ ਪੰਜਾਬ ਰਾਜ਼ ਦਾ ਵਸਨੀਕ ਹੋਵੇ, ਸਾਲਾਨਾ ਆਮਦਨ 2.50 ਲੱਖ ਤੋਂ ਵੱਧ ਨਾ ਹੋਵੇ। ਵਜ਼ੀਫ਼ਾ ਪਰਿਵਾਰ ਦੇ 2 ਵਿਦਿਆਰਥੀਆਂ ਤੱਕ ਦਿੱਤਾ ਜਾਂਦਾ ਹੈ। ਵਿਦਿਆਰਥੀ ਦੀ ਪਿਛਲੀ ਪਾਸ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਹੀਂ ਹੋਣੇ ਚਾਹੀਦੇ।

**6.ਚੰਗੀਆਂ ਪੰਚਾਇਤਾਂ ਨੂੰ ਇਨਾਮ**

ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਕੰਮ ਕਰ ਰਹੀਆਂ ਪੰਚਾਇਤਾਂ ਨੂੰ 25000/-ਰੁਪਏ ਪ੍ਰਤੀ ਪੰਚਾਇਤ ਵਿੱਤੀ ਸਹਾਇਤਾ ਵਜੋਂ ਦਿੱਤੇ ਜਾਂਦੇ ਹਨ।

ਜਿਲ੍ਹਾ ਭਲਾਈ ਅਫਸਰ,
ਮੋਗਾ।

Scanned by CamScanner